# ਅਫਗਾਨਿਸਤਾਨ ’ਤੇ ਪਹਿਲੇ ਭਾਰਤ-ਮੱਧ ਏਸ਼ੀਆ ਸੰਯੁਕਤ ਕਾਰਜ ਗਰੁੱਪ ਦਾ ਆਯੋਜਨ

ਮਾਰਚ 07, 2023

2022 ਵਿੱਚ ਭਾਰਤ-ਮੱਧ ਏਸ਼ੀਆ ਸਿਖਰ ਸੰਮੇਲਨ ਦੌਰਾਨ ਲਏ ਗਏ ਫੈਸਲਿਆਂ ਦੀ ਪਾਲਣਾ ਕਰਦੇ ਹੋਏ, ਭਾਰਤ ਨੇ 07 ਮਾਰਚ 2023 ਨੂੰ ਅਫਗਾਨਿਸਤਾਨ ਬਾਰੇ ਪਹਿਲੇ ਭਾਰਤ-ਮੱਧ ਏਸ਼ੀਆ ਸੰਯੁਕਤ ਕਾਰਜ ਗਰੁੱਪ ਦੀ ਮੇਜ਼ਬਾਨੀ ਕੀਤੀ। ਮੀਟਿੰਗ ਵਿੱਚ, ਭਾਰਤ ਗਣਰਾਜ ਦੇ ਵਿਸ਼ੇਸ਼ ਦੂਤਾਂ/ਸੀਨੀਅਰ ਅਧਿਕਾਰੀਆਂ, ਕਜ਼ਾਕਿਸਤਾਨ ਗਣਰਾਜ, ਕਿਰਗਿਜ਼ ਗਣਰਾਜ, ਤਜ਼ਾਕਿਸਤਾਨ ਗਣਰਾਜ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਗਣਰਾਜ ਨੇ ਭਾਗ ਲਿਆ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧਾਂ ਬਾਰੇ ਦਫ਼ਤਰ (UNODC) ਅਤੇ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ (UNWFP) ਦੇ ਪ੍ਰਤੀਨਿਧਾਂ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ।

2. ਜੁਆਇੰਟ ਵਰਕਿੰਗ ਗਰੁੱਪ (JWG) ਦੀ ਬੈਠਕ ਖੇਤਰੀ ਦੇਸ਼ਾਂ ਲਈ ਅਫਗਾਨਿਸਤਾਨ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਕਰਨ ਦਾ ਇੱਕ ਮੌਕਾ ਸੀ। ਵਿਚਾਰ-ਵਟਾਂਦਰੇ ਉਸਾਰੂ ਸਨ ਅਤੇ ਆਮ ਅਫਗਾਨ ਲੋਕਾਂ ਦੇ ਹਿੱਤਾਂ ਅਤੇ ਭਲਾਈ ਨਾਲ ਸਬੰਧਿਤ ਸਨ। ਮੀਟਿੰਗ ਦੌਰਾਨ, ਭਾਈਵਾਲਾਂ ਨੇ ਅਫਗਾਨਿਸਤਾਨ ਵਿੱਚ ਰਾਜਨੀਤਿਕ, ਸੁਰੱਖਿਆ ਅਤੇ ਮਨੁੱਖਤਾਵਾਦੀ ਹਾਲਾਤਾਂ ਸਮੇਤ ਮੌਜੂਦਾ ਸਥਿਤੀ ’ਤੇ ਵਿਚਾਰ ਚਰਚਾ ਕੀਤੀ। ਭਾਗੀਦਾਰਾਂ ਨੇ ਇੱਕ ਵਾਸਤਵਿਕ ਸਮਾਂਵੇਸ਼ੀ ਅਤੇ ਪ੍ਰਤੀਨਿਧ ਰਾਜਨੀਤਿਕ ਢਾਂਚੇ ਦੇ ਗਠਨ ਦੇ ਮਹੱਤਵ ’ਤੇ ਜ਼ੋਰ ਦਿੱਤਾ ਜੋ ਸਾਰੇ ਅਫਗਾਨਾਂ ਦੇ ਅਧਿਕਾਰਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਸਿੱਖਿਆ ਨੂੰ ਯਕੀਨੀ ਬਣਾਉਣ ਸਮੇਤ ਔਰਤਾਂ, ਲੜਕੀਆਂ ਅਤੇ ਘੱਟ ਗਿਣਤੀ ਕਬੀਲਿਆਂ ਦੇ ਮੈਂਬਰਾਂ ਦੇ ਸਮਾਨ ਅਧਿਕਾਰਾਂ ਨੂੰ ਯਕੀਨੀ ਬਣਾਉਂਦਾ ਹੈ।

3. UNODC ਅਤੇ ਮੱਧ ਏਸ਼ੀਆਈ ਗਣਰਾਜਾਂ ਦੀ ਬੇਨਤੀ ’ਤੇ, ਭਾਰਤੀ ਪੱਖ ਨੇ ਆਪਣੇ ਸਬੰਧਤ ਭਾਈਵਾਲਾਂ/ਅਧਿਕਾਰੀਆਂ ਲਈ ਅਨੁਕੂਲਿਤ ਸਮਰੱਥਾ ਨਿਰਮਾਣ ਵਿਧੀਆਂ ਦੀ ਪੇਸ਼ਕਸ਼ ਕੀਤੀ। ਇਸ ਤੋਂ ਇਲਾਵਾ, ਭਾਰਤ ਅਤੇ UNODC ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਦੇ ਯਤਨਾਂ ਲਈ ਸਾਂਝੇਦਾਰੀ ਬਣਾਉਣ ਵਿੱਚ ਵੀ ਸਹਿਮਤੀ ਜਤਾਉਣ ਸਮੇਤ ਅਫ਼ਗਾਨ ਡਰੱਗ ਦਾ ਉਪਯੋਗ ਕਰਨ ਵਾਲੀ ਆਬਾਦੀ, ਖਾਸ ਤੌਰ 'ਤੇ ਅਫਗਾਨ ਔਰਤਾਂ ਦੇ ਮੁੜ ਵਸੇਬੇ ਦੇ ਯਤਨਾਂ ਅਤੇ ਵਿਕਲਪਕ ਰੋਜ਼ੀ-ਰੋਟੀ ਦੇ ਵਸੀਲਿਆਂ ਦੇ ਵਿਕਾਸ ਵਿੱਚ ਸਹਾਇਤਾ ਪ੍ਰਦਾਨ ਕਰਨਾ ਸ਼ਾਮਿਲ ਹੈ।

4. ਮੌਜੂਦਾ ਮਾਨਵਤਾਵਾਦੀ ਹਾਲਾਤਾਂ ਦੇ ਹੱਲ ਲਈ, ਭਾਰਤੀ ਪੱਖ ਨੇ ਚੱਬਰ ਬੰਦਰਗਾਹ ਰਾਹੀਂ ਅਫਗਾਨ ਲੋਕਾਂ ਵਾਸਤੇ 20,000 ਮੀਟਰਕ ਟਨ ਕਣਕ ਦੀ ਪਹੁੰਚ ਲਈ UNWFP ਨਾਲ ਆਪਣੀ ਸਾਂਝੇਦਾਰੀ ਦਾ ਐਲਾਨ ਕੀਤਾ।

5. ਭਾਗੀਦਾਰਾਂ ਨੇ ਇੱਕ ਸੰਯੁਕਤ ਬਿਆਨ ਜਾਰੀ ਕਰਦੇ ਹੋਏ, ਨਿਯਮਤ ਅਧਾਰ 'ਤੇ ਇਸ ਢਾਂਚੇ ਤਹਿਤ ਗੱਲਬਾਤ ਨੂੰ ਜਾਰੀ ਰੱਖਣ ਲਈ ਸਹਿਮਤ ਜਤਾਈ।

ਨਵੀਂ ਦਿੱਲੀ

ਮਾਰਚ 07, 2023